Page: ______
Date: __/__/__

# ਇਕਾਂਗੀ - ਰੱਬ ਦਾ ਗਜਰਾ (ਕਪੂਰ ਸਿੰਘ ਘੁੰਮਣ).

'ਰੱਬ ਦਾ ਗਜਰਾ' ਇਕਾਂਗੀ ਪੰਜਾਬੀ ਸਾਹਿਤ ਦੇ ਪ੍ਰਸਿੱਧ ਨਾਟਕਕਾਰ 'ਕਪੂਰ ਸਿੰਘ ਘੁੰਮਣ' ਦੁਆਰਾ ਲਿਖੀ ਹੈ। ਇਸ ਇਕਾਂਗੀ ਦਾ ਵਿਸ਼ਾ ਅਤਿਭਾਵੁਕਤਾ ਤੋਂ ਉਪਜਿਆ ਦੁਖਾਂਤ ਹੈ। 'ਰੱਬ ਦਾ ਗਜਰਾ' ਮਨੁੱਖ ਦੇ ਦਿਲ ਦਾ ਪ੍ਰਤੀਕ ਹੈ। 'ਰੱਬ ਦਾ ਗਜਰਾ' ਇਕਾਂਗੀ ਇੱਕ ਚੜ੍ਹੀ ਕੁ ਸਾਲਾਂ ਦੀ ਮੁਟਿਆਰ ਐਮ. ਏ ਪਾਸ ਦੇ ਵਿਆਹ ਦੇ ਦਿਨ ਦੀ ਕਹਾਣੀ ਹੈ। ਜਿਸਦਾ ਨਾਮ ਹਰਜੀਤ ਹੈ।

ਇਕਾਂਗੀ ਵਿੱਚ ਹਰਜੀਤ ਦਾ ਪਿਤਾ ਮਰ ਚੁੱਕਾ ਸੀ, ਉਸ ਨੂੰ ਉਸ ਦੇ ਚਾਚੇ ਗੁਰਭਗਤ ਸਿੰਘ ਨੇ ਪਾਲਿਆ ਤੇ ਪੜ੍ਹਾਇਆ ਸੀ। ਹੁਣ ਹਰਜੀਤ ਦੇ ਵਿਆਹ ਦਾ ਦਿਨ ਆ ਗਿਆ। ਹਰਜੀਤ ਆਪਣੇ ਚਾਚੇ ਦੀ ਧੀ ਨਿਰਮਲ ਅਤੇ ਆਪਣੀ ਸਹੇਲੀ ਹਰਬੰਸ ਦੇ ਕਹੇ ਸਿਖਣੀ ਵੇਖਣ ਜਾਣ ਲਈ ਤਿਆਰ ਨਹੀਂ ਹੁੰਦੀ ਕਿਉਂਕਿ ਉਸ ਦਾ ਚਾਚਾ ਗੁਰਭਗਤ ਸਿੰਘ ਉਸ ਦੀ ਮਰਜ਼ੀ ਅਨੁਸਾਰ ਉਸ ਦਾ ਵਿਆਹ ਗੁਰਦੀਪ ਨਾਲ ਕਰਨ ਲਈ ਤਿਆਰ ਨਹੀਂ ਸੀ ਹੋਇਆ।

ਹਰਜੀਤ ਆਪਣੇ ਕਮਰੇ ਵਿੱਚ ਲੱਗੀ ਆਪਣੇ ਸਵਰਗਵਾਸੀ ਪਿਤਾ ਦੀ ਤਸਵੀਰ ਨੂੰ ਵੇਖ ਕੇ ਦੁਖੀ ਹੁੰਦੀ ਹੈ। ਹਰਜੀਤ ਬੇਸਮਝੀ ਕਰਦੀ ਹੋਈ ਕਹਿੰਦੀ ਹੈ ਕਿ ਉਸ ਦੇ ਚਾਚਾ ਚਾਚੀ ਉਸ ਨਾਲ ਅਤੇ ਉਸ ਦੀ ਮਾਂ ਬਲਵੰਤ ਕੌਰ ਨਾਲ ਚੰਗਾ ਸਲੂਕ ਨਹੀਂ ਕਰਦੇ ਰਹੇ।

ਹਰਜੀਤ ਇਹ ਗੱਲਾਂ ਕਰਦੀ ਹੋਈ ਰੋਂਦੀ ਹੈ ਅਤੇ ਆਪਣੇ ਸਿਰ ਉੱਪਰੋਂ ਗੋਟੇ ਵਾਲਾ ਦੁਪੱਟਾ

ਸਾਹ ਕੇ ਹੋਰ ਲੈ ਲੈਂਦੀ ਹੈ ਤੇ ਕਹਿੰਦੀ ਹੈ ਕਿ ਉਹ ਸ਼ਾਦੀ ਕਰਨ ਤੋਂ ਇਨਕਾਰ ਕਰ ਦੇਵੇਗੀ। ਹਰਬੰਸ ਉਸ ਨੂੰ ਸਮਝਾਉਂਦੀ ਹੈ ਕਿ ਉਹ ਅਜਿਹਾ ਕਦਮ ਨਾ ਚੁੱਕੇ ਕਿਉਂਕਿ ਉਸ ਦਾ ਚਾਚਾ ਤਾਂ ਅੱਗੇ ਹੀ ਬਲੱਡ ਕੈਂਸਰ ਦਾ ਮਰੀਜ਼ ਹੈ।

ਮਹਿੰਦਰ ਨਿਰਮਲ ਨੂੰ ਦੱਸਦੀ ਹੈ ਕਿ ਹਰਜੀਤ ਨੇ ਸ਼ਾਦੀ ਤੋਂ ਇਨਕਾਰ ਕਰ ਦਿੱਤਾ ਹੈ। ਨਿਰਮਲ ਨੂੰ ਡਰ ਹੈ ਕਿ ਜੇਕਰ ਇਹ ਖ਼ਬਰ ਉਸ ਦੇ ਪਿਤਾ ਨੂੰ ਪਤਾ ਲੱਗੇਗੀ ਤਾਂ ਉਨ੍ਹਾਂ ਨੂੰ ਦੌਰਾ ਪੈ ਜਾਵੇਗਾ. ਗੁਰਭਗਤ ਸਿੰਘ ਆਪਣੀ ਪਤਨੀ ਰਣਜੀਤ ਕੌਰ ਤੇ ਬਲਵੰਤ ਕੌਰ ਨੂੰ ਦੱਸਦਾ ਹੈ ਕਿ ਉਸ ਨੇ ਮੁੰਡੇ ਦੇ ਪਿਉ ਨਾਲ ਟੈਲੀਫੋਨ ਉੱਤੇ ਪੰਜ ਸੌ ਰੁਪਏ ਰੱਖ ਕੇ ਮਿਲਣੀ ਕੀਤੀ ਹੈ। ਉਹ ਬੜੇ ਮਾਣ ਨਾਲ ਬਰਾਤ ਦੀ ਤਰ੍ਹਾਂ-ਤਰ੍ਹਾਂ ਦੇ ਖਾਣਿਆਂ ਨਾਲ ਹੋ ਰਹੀ ਸੇਵਾ ਬਾਰੇ ਦੱਸਦਾ ਹੈ। ਉਹ ਦੱਸਦਾ ਹੈ ਕਿ ਮੁੰਡਾ ਹੈ ਕਿ ਮੁੰਡਾ ਪ੍ਰੋਫੈਸਰ ਹੈ ਅਤੇ ਉਹ ਬੜਾ ਹੀ ਸ਼ਰੀਫ਼ ਹੈ। ਉਹ ਦੱਸਦਾ ਹੈ ਕਿ ਉਹ ਹਰਜੀਤ ਨੂੰ ਰਜਵਾਂ ਦਾਜ ਦੇ ਰਿਹਾ ਹੈ ਤਾਂ ਜੋ ਕੋਈ ਇਹ ਨਾ ਕਹੇ ਕਿ ਕੁੜੀ ਦਾ ਬਾਪ ਜਿਉਂਦਾ ਨਹੀਂ।

ਹਰਬੰਸ ਨਿਰਮਲ ਨੂੰ ਦੱਸਦੀ ਹੈ ਕਿ ਹਰਜੀਤ ਦਾ ਵਿਆਹ ਨਹੀਂ ਹੋਣਾ ਚਾਹੀਦਾ। ਇੰਨੇ ਨੂੰ ਮਹਿੰਦਰ ਅੰਦਰੋਂ ਚੀਕ ਮਾਰਦੀ ਹੈ ਤੇ ਰੌਲਾ ਪਾਉਂਦੀ ਹੈ ਕਿ ਹਰਜੀਤ ਨੇ ਜ਼ਹਿਰ ਖਾ ਲਈ ਹੈ। ਰਣਜੀਤ ਕੌਰ ਕਿਸੇ ਡਾਕਟਰ ਨੂੰ ਸੱਦਣ ਲਈ ਕਹਿੰਦੀ ਹੈ ਪਰ ਮਹਿੰਦਰ ਦੱਸਦੀ ਹੈ ਕਿ ਅਜੇ ਕੁਝ ਨਹੀਂ ਵਿਗੜਿਆ, ਕਿਉਂਕਿ ਉਸ ਨੇ ਜ਼ਹਿਰ ਦੀ ਸ਼ੀਸ਼ੀ ਉਸ ਦੇ ਪੀਣ ਤੋਂ ਪਹਿਲਾਂ ਹੀ ਤੋੜ ਦਿੱਤੀ ਹੈ। ਬਲਵੰਤ ਕੌਰ ਰੋਣ ਲੱਗ ਪੈਂਦੀ ਹੈ।

ਇੰਨੇ ਨੂੰ ਗੁਰਭਗਤ ਸਿੰਘ ਆ ਕੇ ਹਰਜੀਤ ਨੂੰ ਕਹਿੰਦਾ ਹੈ ਕਿ ਜਦੋਂ ਤੱਕ ਉਹ ਜਿਊਂਦਾ ਹੈ, ਉਸ ਨੂੰ ਪਰੇਸ਼ਾਨ ਹੋਣ ਦੀ ਕੀ ਜ਼ਰੂਰਤ ਹੈ ? ਉਹ ਕਹਿੰਦਾ ਹੈ ਕਿ ਉਸ ਨੇ ਆਪਣੇ ਭਰਾ ਦੀ ਮੌਤ 'ਤੇ ਇਹ ਪ੍ਰਤਿਗਿਆ ਕੀਤੀ ਸੀ ਕਿ ਉਹ ਹਰਜੀਤ ਨੂੰ ਕਿਸੇ ਚੀਜ਼ ਦੀ ਘਾਟ ਮਹਿਸੂਸ ਨਹੀਂ ਹੋਣ ਦੇਵੇਗਾ ਅਤੇ ਉਹ ਦੁਨੀਆਂ ਨੂੰ ਦੱਸਣਾ ਚਾਹੁੰਦਾ ਹੈ ਕਿ ਉਸ ਦਾ ਪਿਤਾ ਨਹੀਂ ਮਰਿਆ। ਉਸ ਨੇ ਕਿਹਾ ਕਿ ਜੇਕਰ ਉਸ ਦੀ ਧੀ ਨਿਰਮਲ ਜ਼ਹਿਰ ਖਾਂਦੀ ਤਾਂ ਉਹ ਬਰਦਾਸ਼ਤ ਕਰ ਸਕਦਾ ਸੀ ਪਰ ਉਹ ਹਰਜੀਤ ਦਾ ਇਹ ਕੰਮ ਬਰਦਾਸ਼ਤ ਨਹੀਂ ਕਰ ਸਕਦਾ। ਉਹ ਇਹ ਵੀ ਦੱਸਦਾ ਹੈ ਕਿ ਹਰਜੀਤ ਨੂੰ ਵਿਆਹੁਣ ਲਈ ਜਿਹੜਾ ਮੁੰਡਾ ਆਇਆ ਹੈ, ਉਹ ਗੁਰਦੀਪ ਹੀ ਹੈ, ਉਹ ਦੱਸਦਾ ਹੈ ਕਿ ਉਸ ਨੇ ਇਹ ਭੇਤ ਇਸ ਕਰਕੇ ਲੁਕਾਈ ਰੱਖਿਆ ਕਿਉਂਕਿ ਉਹ ਦੇਖਣਾ ਚਾਹੁੰਦਾ ਸੀ ਕਿ ਉਸ ਦੀ ਬੱਚੀ ਆਪਣੇ ਪਿਤਾ ਦੀ ਲਾਜ ਰੱਖਦੀ ਹੋਈ ਸੋਚੀ ਪੈਣ ਉੱਚੀ ਕਰਦੀ ਹੈ ਜਾਂ ਨਹੀਂ। ਇੰਨਾ ਕਹਿ ਕੇ ਉਹ ਹਰਜੀਤ ਨੂੰ ਆਪਣਾ ਅੰਤਮ ਅਸ਼ੀਰਵਾਦ ਦਿੰਦਾ ਹੈ। ਹਰਜੀਤ ਚਾਚੇ ਨੂੰ ਲਿਪਟ ਕੇ ਰੋਣ ਲੱਗ ਪੈਂਦੀ ਹੈ ਤੇ ਆਪਣੀ ਗਲਤੀ ਦੀ ਮੁਆਫ਼ੀ ਮੰਗਦੀ ਹੈ। ਗੁਰਭਗਤ ਸਿੰਘ ਹਰਜੀਤ ਦੀਆਂ ਲਾਵਾਂ ਵੇਖਣ ਦੀ ਰੀਝ ਆਪਣੇ ਦਿਲ ਵਿੱਚ ਲੈ ਕੇ ਹੀ ਦਮ ਤੋੜ ਦਿੰਦਾ ਹੈ।

ਇਸ ਇਕਾਂਗੀ ਵਿੱਚ ਇਕਾਂਗੀਕਾਰ ਦਾ ਮੰਤਵ ਅਕ੍ਰਿਤਘਣਤਾ ਤੋਂ ਉਪਜੇ ਦੁਖਾਂਤ ਨੂੰ ਪੇਸ਼ ਕਰਕੇ ਸਾਡੇ ਸਾਹਮਣੇ ਇਹ ਸਪਸ਼ਟ ਕਰਨ ਦਾ ਜਤਨ ਕਰਨਾ ਹੈ ਕਿ ਜਦੋਂ ਕੋਈ ਆਦਮੀ ਕਿਸੇ ਨਾਲ ਆਪਣਿਆਂ ਤੋਂ ਵਧੇਰੇ ਚੰਗਾ ਸਲੂਕ ਕਰਦਾ ਹੈ ਤਾਂ ਉਹ ਦੂਜੀ ਧਿਰ ਵਲੋਂ ਅਕ੍ਰਿਤਘਣਤਾ ਭਰੇ ਵਤੀਰੇ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਅਜਿਹਾ ਵਤੀਰਾ ਪਰਉਪਕਾਰੀ ਵਿਅਕਤੀ ਦਾ

ਦਿਲ ਤੋੜ ਦਿਤਾ ਹੈ । ਇਕਾਂਗੀਕਾਰ ਇਹ ਸਿੱਖਿਆ ਵੀ ਦੇਣੀ ਚਾਹੁੰਦਾ ਹੈ ਕਿ ਸਾਨੂੰ ਕਿਸੇ ਦਾ ਅਹਿਸਾਨ ਨਹੀਂ ਭੁੱਲਣਾ ਚਾਹੀਦਾ ਸਗੋਂ ਉਸ ਦਾ ਜਥਾ-ਜੋਗ ਮਾਣ-ਸਤਿਕਾਰ ਕਰਨਾ ਚਾਹੀਦਾ ਹੈ

ਇਸ ਇਕਾਂਗੀ ਦਾ ਵਿਸ਼ਾ ਅਕ੍ਰਿਤਘਣਤਾ ਤੋਂ ਉਪਜਿਆ ਦੁਖਾਂਤ ਹੈ। ਗੁਰਭਗਤ ਸਿੰਘ ਦਾ ਆਪਣੀ ਪਿਤਾ-ਹੀਨ ਭਤੀਜੀ ਹਰਜੀਤ ਨੂੰ ਆਪਣੀ ਧੀ ਨਾਲੋਂ ਵੀ ਵੱਧ ਲਾਡ ਪਿਆਰ ਨਾਲ ਪਾਲਣਾ ਤੇ ਪੜ੍ਹਾਉਣਾ, ਉਸ ਦੀਆਂ ਹਰ ਪ੍ਰਕਾਰ ਦੀਆਂ ਵਧੀਕੀਆਂ ਨੂੰ ਬਰਦਾਸ਼ਤ ਕਰਨਾ, ਉਸ ਨੂੰ ਕਿਸੇ ਪ੍ਰਕਾਰ ਦੀ ਘਾਟ ਅਨੁਭਵ ਨਾ ਹੋਣ ਦੇਣੀ, ਪਰ ਭਤੀਜੀ ਦਾ ਆਪਣੇ ਚਾਚੇ ਨੂੰ ਪਿਤਾ ਦੇ ਬਰਾਬਰ ਨਾ ਸਮਝਣਾ ਤੇ ਆਪਣੀ ਬੇਸਮਝੀ ਕਾਰਨ ਚਾਚਾ ਅਤੇ ਚਾਚੀ ਵਿਰੁੱਧ ਗਿਲੇ ਪ੍ਰਗਟ ਕਰਨਾ, ਉਨ੍ਹਾਂ ਨੂੰ ਆਪਣੀ ਪਸੰਦ ਦਾ ਵਿਆਹ ਕਰਾਉਣ ਦੇ ਰਾਹ ਵਿੱਚ ਰੋੜਾ ਸਮਝਣਾ ਅਤੇ ਆਤਮਘਾਤ ਦਾ ਅਸਫਲ ਜਤਨ ਕਰਨਾ, ਅਸਲੀਅਤ ਪਤਾ ਲੱਗਣ ਤੇ ਭਤੀਜੀ ਦਾ ਤਾਂ ਬਚ ਜਾਣਾ ਪਰ ਚਾਚੇ ਵਲੋਂ ਇਹ ਸਦਮਾ ਨਾ ਸਹਾਰ ਸਕਣਾ ਆਦਿ ਘਟਨਾਵਾਂ ਇਸ ਇਕਾਂਗੀ ਵਿੱਚ ਅਕ੍ਰਿਤਘਣਤਾ ਤੋਂ ਉਪਜੇ ਦੁਖਾਂਤ ਨੂੰ ਪੇਸ਼ ਕਰਦੀਆਂ ਹਨ।

ਸੋ ਕਿਹਾ ਜਾ ਸਕਦਾ ਹੈ ਕਿ 'ਕੱਚ ਦਾ ਗਜਰਾ' ਮਨੁੱਖ ਦੇ ਦਿਲ ਦਾ ਪ੍ਰਤੀਕ ਹੈ। ਜਦ, ਮੁਟਿਆਰ ਦਾ ਦਿਲ ਚਾਚੇ ਦੀ ਬੇਰੁਖੀ ਕਾਰਨ ਟੁੱਟਣ ਤੋਂ ਬਚ ਜਾਂਦਾ ਹੈ, ਉਸ ਦੇ ਚਾਚੇ ਦਾ ਦਿਲ ਇਸ ਦੀ ਅਕ੍ਰਿਤਘਣਤਾ ਤੋਂ ਟੁੱਟ ਹੀ ਜਾਂਦਾ ਹੈ।